# ਪਰਵਿਾਰ ਲਈ ਸਿੱਖਿਆ ਸ਼ੀਟ
## ਨੈਸੋਗੈਸਟ੍ਰਕਿ (NG) ਫੀਡਿੰਗ ਟਿਊਬ ਦੀ ਵਰਤੋਂ ਅਤੇ ਦੇਖਭਾਲ

UC DAVIS HEALTH | CHILDREN'S HOSPITAL

"Use and Care of a Nasogastric (NG) Feeding Tube", Boston Children's Hospital, 9/20/2017, #169997 ਤੋਂ ਸਮੱਗਰੀ ਸ਼ਾਮਲ ਹੈ; ਇਜਾਜ਼ਤ ਨਾਲ ਵਰਤੀ ਗਈ।

## ਨੈਸੋਗੈਸਟ੍ਰਕਿ (NG) ਟਿਊਬ ਕੀ ਹੈ?

NG ਟਿਊਬ ਇੱਕ ਨਰਮ, ਲਚਕੀਲੀ ਟਿਊਬ ਹੁੰਦੀ ਹੈ ਜੋ ਨੱਕ ਰਾਹੀ ਦਾਖਲ ਕੀਤੀ ਜਾਂਦੀ ਹੈ ਅਤੇ ਭੋਜਨ ਨਲੀ ਰਾਹੀ ਪੇਟ ਵੱਿਚ ਜਾਂਦੀ ਹੈ।

- ਇਸ ਨੂੰ ਤੁਹਾਡੇ ਬੱਚੇ ਨੂੰ ਦਵਾਈ, ਤਰਲ ਪਦਾਰਥ, ਜਾਂ ਦੁੱਧ ਪਲਿਾਉਣ ਲਈ ਵਰਤਿਆ ਜਾਂਦਾ ਹੈ ਜੇ ਉਹ ਮੂੰਹ ਰਾਹੀ ਲੋੜੀਂਦਾ ਭੋਜਨ ਨਹੀ ਲੈ ਸਕਦਾ ਜਾਂ ਅਜਹਿਾ ਕਰਨਾ ਅਸੁਰੱਖਿਅਤ ਹੈ।
- ਇਸਨੂੰ ਤੁਹਾਡੇ ਬੱਚੇ ਦੇ ਗੱਲ੍ਹ 'ਤੇ ਟੇਪ ਲਗਾ ਕੇ ਜਾਂ Bridle® ਵਰਗੇ ਨੱਕ ਦੀ ਟਿਊਬ ਨੂੰ ਰੋਕ ਕੇ ਰੱਖਣ ਵਾਲੇ ਡਵਿਾਈਸ ਨਾਲ ਇਸਦੀ ਜਗ੍ਹਾ 'ਤੇ ਰੱਖਿਆ ਜਾਂਦਾ ਹੈ। (ਚੱਿਤਰ 4, ਪੰਨਾ 3 ਦੇਖੋ)।
- ਇਸ ਨੂੰ ਮਹੀਨੇ ਵੱਿਚ ਇੱਕ ਵਾਰ, ਜਾਂ ਜੇ NG ਟਿਊਬ ਡਿੱਗ ਜਾਵੇ ਤਾਂ ਪਹਲਿਾਂ ਬਦਲਿਆ ਜਾਂਦਾ ਹੈ।
- ਜੇ ਤੁਹਾਡੇ ਬੱਚੇ ਦੇ ਨੱਕ ਦੀ ਟਿਊਬ ਨੂੰ ਰੋਕ ਕੇ ਰੱਖਣ ਵਾਲਾ ਡਵਿਾਈਸ ਲਗਿਆ ਹੋਇਆ ਹੈ, ਤਾਂ NG ਟਿਊਬ ਅਤੇ ਰੋਕ ਕੇ ਰੱਖਣ ਵਾਲੇ ਡਵਿਾਈਸ ਨੂੰ ਡਾਕਟਰ ਜਾਂ ਨਰਸ ਦੁਆਰਾ ਬਦਲੇ ਜਾਣ ਦੀ ਲੋੜ ਹੋਵੇਗੀ।



**ਚੱਿਤਰ 1**
ਨਵਜਾਤ ਬੱਚਾ ਜਸਿ ਨੂੰ NG ਟਿਊਬ ਲੱਗੀ ਹੋਈ ਹੈ। ਨੱਕ 'ਤੇ ਕਾਲਾ ਨਸ਼ਿਾਨ ਟਿਊਬ ਦੀ ਸਥਤਿੀ ਨੂੰ ਦਰਸਾਉਂਦਾ ਹੈ। NG ਟਿਊਬ ਨੂੰ ਬੱਚੇ ਦੇ ਗੱਲ੍ਹ 'ਤੇ ਟੇਪ ਡ੍ਰੈਸਗਿ ਨਾਲ ਸੁਰੱਖਿਅਤ ਕੀਤਾ ਗਿਆ ਹੈ।

## ਸੁਰੱਖਿਆ ਬਾਰੇ ਯਾਦ ਰੱਖਣ ਵਾਲੀਆਂ ਗੱਲਾਂ:

ਜੇ NG ਟਿਊਬ ਗਲਤ ਜਗ੍ਹਾ 'ਤੇ ਹੋਵੇ ਤਾਂ ਐਸਪੀਰੇਸ਼ਨ (ਭੋਜਨ ਜਾਂ ਪੇਟ ਦੀ ਸਮੱਗਰੀ ਦਾ ਫੇਫੜਿਆਂ ਵੱਿਚ ਜਾਣਾ) ਹੋ ਸਕਦਾ ਹੈ। ਇਹ ਉਦੋਂ ਹੋ ਸਕਦਾ ਹੈ ਜਦੋਂ ਉਲਟੀ ਜਾਂ ਤੇਜ਼ ਖੰਘ NG ਟਿਊਬ ਨੂੰ ਪੇਟ ਤੋਂ ਬਾਹਰ ਕੱਢ ਦੰਿਦੀ ਹੈ।

- ਜੇ ਤੁਹਾਡਾ ਬੱਚਾ ਉਲਟੀਆਂ ਕਰ ਰਹਿਾ ਹੈ, ਤਾਂ ਉਦੋਂ ਤੱਕ NG ਟਿਊਬ ਦੀ ਵਰਤੋਂ **ਨਾ ਕਰੋ** ਜਦੋਂ ਤੱਕ ਤੁਸੀ ਟਿਊਬ ਦੀ ਸਥਤਿੀ ਦੀ ਜਾਂਚ ਨਹੀ ਕਰ ਲੈਂਦੇ।
- ਜੇ ਤੁਹਾਨੂੰ NG ਟਿਊਬ ਹਟਾਉਣ ਦੀ ਲੋੜ ਹੈ, ਤਾਂ ਟੇਪ ਨੂੰ ਉਤਾਰੋ, ਅਤੇ ਨਰਮੀ ਨਾਲ ਅਤੇ ਤੇਜੀ ਨਾਲ ਬਾਹਰ ਕੱਢੋ।
- ਜੇ ਤੁਹਾਡੇ ਬੱਚੇ ਦੇ ਨੱਕ ਦੀ ਟਿਊਬ ਨੂੰ ਰੋਕ ਰੱਖਣ ਵਾਲਾ ਡਵਿਾਈਸ ਲੱਗਾ ਹੈ, ਤਾਂ ਤੁਸੀ ਡਵਿਾਈਸ ਅਤੇ NG ਟਿਊਬ ਨੂੰ ਇਕੱਠੇ ਕੱਢਣ ਲਈ ਡੋਰੀ ਨੂੰ ਕੱਟ ਸਕਦੇ ਹੋ।

### NG ਟਿਊਬ ਨੂੰ ਤੁਰੰਤ ਬਾਹਰ ਕੱਢ ਲਵੋ ਜੇ ਤੁਹਾਡਾ ਬੱਚਾ:

- ਬਹੁਤ ਜ਼ਆਿਦਾ ਖੰਘ ਰਹਿਾ ਹੈ, ਉਸਨੇ ਟਿਊਬ ਆਪਣੇ ਨੱਕ ਵੱਿਚੋਂ ਬਾਹਰ ਕੱਢ ਲਈ ਹੈ, ਜਾਂ ਟਿਊਬ ਉਸਦੇ ਮੂੰਹ ਵੱਿਚੋਂ ਬਾਹਰ ਨਕਿਲ ਰਹੀ ਹੈ।
- ਉਸਦੇ ਮੂੰਹ ਦੇ ਆਲੇ-ਦੁਆਲੇ ਦਾ ਹੱਿਸਾ ਨੀਲਾ ਹੋ ਜਾਂਦਾ ਹੈ।
- ਉਹ ਚੰਗੀ ਤਰ੍ਹਾਂ ਸਾਹ ਨਹੀ ਲੈ ਸਕਦਾ।

**ਜੇ ਟਿਊਬ ਬਾਹਰ ਕੱਢਣ ਤੋਂ ਬਾਅਦ ਤੁਹਾਡੇ ਬੱਚੇ ਦਾ ਸਾਹ ਘੁੱਟਣਾ ਜਾਰੀ ਰਹੰਿਦਾ ਹੈ ਜਾਂ ਉਸਨੂੰ ਸਾਹ ਲੈਣ ਵੱਿਚ ਮੁਸ਼ਕਲ ਆਉਂਦੀ ਹੈ, ਤਾਂ 911 'ਤੇ ਕਾੱਲ ਕਰੋ।**

## ਡਾਕਟਰੀ ਸਲਾਹ ਲਓ:

- ਜੇ ਤੁਹਾਡੇ ਕੋਈ ਸਵਾਲ ਜਾਂ ਚੰਿਤਾਵਾਂ ਹਨ।
- ਜੇ NG ਟਿਊਬ ਡਿੱਗ ਜਾਵੇ ਅਤੇ ਤੁਸੀ ਇਸਨੂੰ ਬਦਲ ਨਹੀ ਸਕਦੇ ਹੋ।
- ਜੇ ਤੁਹਾਡੇ ਬੱਚੇ ਨੂੰ **100.4°F (38°C)** ਜਾਂ ਵੱਧ ਬੁਖ਼ਾਰ ਹੈ।

## ਤੁਹਾਡੇ ਬੱਚੇ ਦੀ NG ਟਿਊਬ:

- ਕਸਿਮ __________ Fr ________ ਲੰਬਾਈ __________
- ਨਾਸ 'ਤੇ ਨਸ਼ਿਾਨ ______________ cm (ਸੈ.ਮੀ.)
- ਲਗਾਏ ਜਾਣ ਦੀ ਤਾਰੀਖ਼ ______________


UC DAVIS HEALTH | CHILDREN'S HOSPITAL | Children's Miracle Network Hospitals

**ਸਾਰੀਆਂ ਫੀਡੀਂਗਾਂ, ਦਵਾਈਆਂ, ਅਤੇ ਟਊਿਬ ਨੂੰ ਫਲੱਸ਼ ਕਰਨ ਤੋ ਪਹਲਿਾਂ NG ਟਊਿਬ ਦੀ ਸਥਤਿੀ ਦੀ ਜਾਂਚ ਕਰੋ:**

- ਯਕੀਨੀ ਬਣਾਓ ਕਿ NG ਟਊਿਬ ______________ cm (ਸੈ.ਮੀ.) 'ਤੇ ਹੈ ਜਾਂ ਕਾਲਾ ਨਸ਼ਿਾਨ ਨੱਕ 'ਤੇ ਹੈ। (ਚੰਤਿਰ 1, ਪੰਨਾ 1 ਦੇਖੋ)।
- ਜੇ ਤੁਹਾਨੂੰ cm (ਸੈ.ਮੀ.) ਨੰਬਰ ਜਾਂ ਕਾਲਾ ਨਸ਼ਿਾਨ ਦਖਿਾਈ ਨਹੀ ਦੰਿਦਾ ਹੈ, ਤਾਂ ਹੋ ਸਕਦਾ ਹੈ ਕਿ ਟਊਿਬ ਹੱਲਿ ਗਈ ਹੋਵੇ ਅਤੇ ਸਹੀ ਥਾਂ 'ਤੇ ਨਾ ਹੋਵੇ।
- NG ਟਊਿਬ ਦੇ ਸਰਿੇ ਨਾਲ ਇੱਕ ਫੀਡੀਂਗ ਟਊਿਬ ਸਰੰਿਜ, (ਜਵਿੇਂ ਕਿ ਇੱਕ EnFit® ਸਰੰਿਜ) ਲਗਾਓ ਅਤੇ ਫਾਰਮੂਲਾ ਅਤੇ/ਜਾਂ ਅੰਸ਼ਕ ਤੌਰ 'ਤੇ ਪਚਆਿ ਭੋਜਨ ਜਾਂ ਪੇਟ ਦੇ ਰਸ (ਸਾਫ਼ ਜਾਂ ਹਲਕਾ ਪੀਲਾ ਜਾਂ ਹਾਲ ਹੀ ਵੱਚਿ ਦੱਿਤੀ ਗਈ ਫੀਡੀਂਗ ਵਾਂਗ) ਦੇਖਣ ਲਈ ਥੋੜ੍ਹਾ ਪੱਿਛੇ ਖੱਿਚੋ। (ਚੰਤਿਰ 2, ਪੰਨਾ 2 ਦੇਖੋ)

**ਜੇ ਤੁਹਾਨੂੰ NG ਟਊਿਬ ਤੋ ਪੇਟ ਦੀ ਸਮੱਗਰੀ ਨਹੀ ਮਲਿ ਰਹੀ ਤਾਂ ਕੀ ਹੋਵੇਗਾ?**

- ਵੱਡੀ ਸਰੰਿਜ (10-30 ਮ.ਿਲੀ.) ਦੀ ਵਰਤੋ ਕਰੋ ਅਤੇ ਪੱਿਛੇ ਖੱਿਚੋ ਜਾਂ ਟਊਿਬ ਨੂੰ 1-3 ਮ.ਿਲੀ. ਹਵਾ ਨਾਲ ਫਲੱਸ਼ ਕਰੋ ਅਤੇ ਫਰਿ ਪੇਟ ਦੀ ਸਮੱਗਰੀ ਨੂੰ ਪੱਿਛੇ ਖੱਿਚਣ ਦੀ ਕੋਸ਼ਸ਼ਿ ਕਰੋ।
- ਜੇ ਫਰਿ ਵੀ ਪੇਟ ਦੀ ਸਮੱਗਰੀ ਨਹੀ ਮਲਿ ਰਹੀ, ਤਾਂ ਆਪਣੇ ਬੱਚੇ ਨੂੰ ਉਸਦੇ ਖੱਬੇ ਪਾਸੇ ਰੱਖੋ ਅਤੇ 10-15 ਮੰਿਟ ਉਡੀਕ ਕਰ ਕੇ ਦੁਬਾਰਾ ਕੋਸ਼ਸ਼ਿ ਕਰੋ।
- ਜੇ ਉਡੀਕ ਕਰਨ ਤੋ ਬਾਅਦ ਵੀ ਪੇਟ ਦੀ ਸਮੱਗਰੀ ਨਹੀ ਮਲਿ ਰਹੀ, ਤਾਂ NG ਟਊਿਬ ਦੀ ਵਰਤੋ ਨਾ ਕਰੋ ਅਤੇ ਆਪਣੇ ਬੱਚੇ ਦੇ ਡਾਕਟਰ ਨੂੰ ਫੋਨ ਕਰੋ। ਟਊਿਬ ਦੀ ਸਥਤਿੀ ਦੀ ਜਾਂਚ ਕਰਨ ਲਈ ਤੁਹਾਡੇ ਬੱਚੇ ਨੂੰ ਐਕਸ-ਰੇ ਦੀ ਲੋੜ ਹੋ ਸਕਦੀ ਹੈ।



**ਚੰਤਿਰ 2**
NG ਟਊਿਬ ਦੀ ਸਥਤਿੀ ਦੀ ਜਾਂਚ ਕਰਨ ਲਈ ਪੇਟ ਦੇ ਰਸ ਨੂੰ ਖੱਿਚਣਾ।

**ਫੀਡੀਂਗਾਂ ਅਤੇ ਦਵਾਈਆਂ**

**ਸਥਤਿੀ ਦੀ ਜਾਂਚ ਕਰਨ ਤੋ ਬਾਅਦ, ਅਤੇ ਜਦੋ ਤੁਸੀ ਆਪਣੇ ਬੱਚੇ ਨੂੰ ਫੀਡ ਦੇਣ ਲਈ ਤਆਿਰ ਹੋਵੋ, ਤਾਂ ਆਪਣੀ ਨਰਸ ਅਤੇ ਵੈਂਡਰ ਅਧਆਿਪਕ ਦੁਆਰਾ ਦੱਿਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰੋ:**

- ਫੀਡੀਂਗ ਬੈਗ ਜਾਂ ਸਰੰਿਜ ਨੂੰ NG ਟਊਿਬ ਨਾਲ ਜੋੜੋ ਅਤੇ ਨਰਿਦੇਸ਼ਾਂ ਅਨੁਸਾਰ ਪੰਪ ਜਾਂ ਗੁਰੂਤਾ (ਗਰੈਵਟਿੀ) ਰਾਹੀ ਫੀਡੀਂਗ ਦੱਿਓ।
- ਜਦੋ ਫੀਡ ਚਲ ਰਹੀ ਹੋਵੇ ਤਾਂ ਆਪਣੇ ਬੱਚੇ ਨੂੰ ਇਕੱਲਾ ਨਾ ਛੱਡੋ।

**ਜੇ ਤੁਹਾਡਾ ਬੱਚਾ ਮੂੰਹ ਰਾਹੀ ਦਵਾਈਆਂ ਨਹੀ ਲੈ ਸਕਦਾ ਹੈ, ਤਾਂ ਆਪਣੀ ਸਹਿਤ ਸੰਭਾਲ ਟੀਮ ਨੂੰ ਦਵਾਈਆਂ ਲਈ NG ਟਊਿਬ ਦੀ ਵਰਤੋ ਕਰਨ ਬਾਰੇ ਪੁੱਛੋ:**


- ਜਦ ਵੀ ਸੰਭਵ ਹੋ ਤਰਲ ਦਵਾਈਆਂ ਦੀ ਵਰਤੋ ਕਰੋ।
- ਗੋਲੀਆਂ ਨੂੰ ਪੀਸ ਕੇ ਪਾਣੀ ਵੱਚਿ ਚੰਗੀ ਤਰ੍ਹਾਂ ਘੋਲ ਲਓ।

**ਟਊਿਬ ਨੂੰ ਫਲੱਸ਼ ਕਰਨਾ:** NG ਟਊਿਬ ਨੂੰ ਬੰਦ ਹੋਣ ਤੋ ਰੋਕਣ ਲਈ ਇਸਨੂੰ ਨਯਿਮਤਿ ਤੌਰ 'ਤੇ ਫਲੱਸ਼ ਕਰਨ ਦੀ ਲੋੜ ਹੁੰਦੀ ਹੈ।

- ਦਵਾਈਆਂ ਦੇਣ ਤੋ ਪਹਲਿਾਂ ਅਤੇ ਬਾਅਦ ਵੱਚਿ, ਦਵਾਈਆਂ ਦੇ ਵਚਿਕਾਰ, ਅਤੇ ਫੀਡੀਂਗਾਂ ਤੋ ਪਹਲਿਾਂ ਅਤੇ ਬਾਅਦ NG ਟਊਿਬ ਨੂੰ ਪੀਣ ਯੋਗ ਪਾਣੀ ਨਾਲ ਫਲੱਸ਼ ਕਰੋ ਤਾਂ ਜੋ ਇਸਨੂੰ ਬੰਦ ਨਾ ਹੋ ਜਾਵੇ। ਤੁਹਾਨੂੰ ਤੁਹਾਡੇ ਬੱਚੇ ਦੀਆਂ ਲੋੜਾਂ ਦੇ ਆਧਾਰ 'ਤੇ ਮਾਤਰਾ ਦੱਸਆਿ ਜਾਵੇਗਾ ਜਾਂ ਜੇ ਤੁਸੀ ਟਊਿਬ ਦੀ ਵਰਤੋ ਨਹੀ ਕਰ ਰਹੇ ਹੋ ਤਾਂ ਦਨਿ ਵੱਚਿ ਇੱਕ ਵਾਰ ਪਾਣੀ ਨਾਲ ਫਲੱਸ਼ ਕਰੋ।

**ਜੇ NG ਬੰਦ ਹੋ ਜਾਵੇ ਤਾਂ ਕੀ ਹੋਵੇਗਾ?** ਸ਼ੁਰੂ ਕਰੋ/ਬੰਦ ਕਰੋ ਹਰਕਤ ਦੀ ਵਰਤੋ ਕਰਕੇ ਨਰਮੀ ਨਾਲ ਗਰਮ ਪੀਣ ਯੋਗ ਪਾਣੀ ਨੂੰ NG ਟਊਿਬ ਵੱਚਿ ਧੱਕਣ ਦੀ ਕੋਸ਼ਸ਼ਿ ਕਰੋ।

- NG ਟਊਿਬ ਵਚਿਲੀ ਰੁਕਾਵਟ ਨੂੰ ਦੂਰ ਕਰਨ ਲਈ ਕਦੇ ਵੀ ਪੀਣ ਯੋਗ ਪਾਣੀ ਤੋ ਇਲਾਵਾ ਕਸਿੇ ਹੋਰ ਚੀਜ਼ ਨੂੰ ਉਸ ਵੱਚਿ ਨਾ ਧੱਕੋ।
- NG ਟਊਿਬ ਵਚਿਲੀ ਰੁਕਾਵਟ ਨੂੰ ਦੂਰ ਕਰਨ ਦੀ ਕੋਸ਼ਸ਼ਿ ਕਰਨ ਲਈ ਕਦੇ ਵੀ ਸਟਾਈਲਟ ਦੀ ਵਰਤੋ ਨਾ ਕਰੋ।
- ਜੇ ਤੁਸੀ NG ਟਊਿਬ ਵਚਿਲੀ ਰੁਕਾਵਟ ਨੂੰ ਦੂਰ ਨਹੀ ਕਰ ਸਕਦੇ ਹੋ, ਤਾਂ ਇਸਨੂੰ ਬਦਲਣ ਦੀ ਲੋੜ ਹੋ ਸਕਦੀ ਹੈ। NG ਟਊਿਬ ਨੂੰ ਸਰਿਫ਼ ਤਾਂ ਹੀ ਬਦਲੋ ਜੇ ਤੁਹਾਨੂੰ ਇਹ ਕਰਨਾ ਸਖਿਾਇਆ ਗਆਿ ਹੈ।



**ਚੰਤਿਰ 3**
NG ਟਊਿਬ ਨੂੰ ਫਲੱਸ਼ ਕਰਨਾ।
ਦਵਾਈਆਂ ਦੇਣੀਆਂ।

ਇਹ ਸਮੱਗਰੀ ਸ਼ਾਮਲ ਹੈ: ਇਜਾਜ਼ਤ ਨਾਲ ਵਰਤੀ ਗਈ:
"Use and Care of a Nasogastric (NG) Feeding Tube",
Boston Children's Hospital, 9/20/2017, #169997.

## ਆਪਣੇ ਬੱਚੇ ਦੇ ਚਹਿਰੇ ਅਤੇ NG ਟਿਊਬ ਦੇ ਆਲੇ-ਦੁਆਲੇ ਨੂੰ ਸਾਫ਼ ਕਰਨ ਦਾ ਤਰੀਕਾ:

- ਦਨਿ ਵਚਿ ਘੱਟੋ-ਘੱਟ ਇੱਕ ਵਾਰ ਗਰਮ ਸਾਬਣ ਵਾਲੇ ਪਾਣੀ ਨਾਲ ਦੋਵੇਂ ਪਾਸੇ ਨਰਮੀ ਨਾਲ ਸਾਫ਼ ਕਰਕੇ ਆਪਣੇ ਬੱਚੇ ਦੇ ਚਹਿਰੇ ਅਤੇ ਨਾਸਾਂ ਨੂੰ ਸਾਫ਼ ਰੱਖੋ। ਆਪਣੇ ਬੱਚੇ ਦੇ ਚਹਿਰੇ ਨੂੰ ਬਹੁਤ ਜ਼ਿਆਦਾ ਗਲਿਾ ਨਾ ਕਰੋ ਕਉਿਂਕ ਟੇਪ ਢਲਿੀ ਹੋ ਸਕਦੀ ਹੈ, ਅਤੇ NG ਟਿਊਬ ਨਕਿਲ ਸਕਦੀ ਹੈ। ਜੇ ਟੇਪ ਗਲਿੀ ਹੋ ਜਾਵੇ ਤਾਂ ਇਸਨੂੰ ਬਦਲ ਦਓਿ।
- ਸਫਾਈ ਕਰਦੇ ਸਮੇਂ, NG ਟਿਊਬ ਅਤੇ ਨੱਕ ਦੀ ਟਿਊਬ ਨੂੰ ਇਸਦੀ ਜਗ੍ਹਾ 'ਤੇ ਰੱਖਣ ਵਾਲੇ ਡਵਿਾਈਸ ਦੇ ਆਲੇ-ਦੁਆਲੇ ਦੀ ਚਮੜੀ ਦੀ ਜਲਣ ਜਾਂ ਲਾਗ ਦੇ ਸੰਕੇਤਾਂ ਲਈ ਜਾਂਚ ਕਰੋ। ਜੇ ਤੁਹਾਨੂੰ ਆਪਣੇ ਬੱਚੇ ਦੀ ਚਮੜੀ ਬਾਰੇ ਕੋਈ ਚੰਿਤਾਵਾਂ ਹਨ, ਤਾਂ ਆਪਣੇ ਬੱਚੇ ਦੀ ਨਰਸ ਜਾਂ ਡਾਕਟਰ ਨੂੰ ਫੋਨ ਕਰੋ।

  ਕੁਝ ਬੱਚਆਿਂ ਦੇ ਨੱਕ ਦੀ ਟਿਊਬ ਨੂੰ ਇਸਦੀ ਜਗ੍ਹਾ 'ਤੇ ਰੱਖਣ ਵਾਲਾ ਡਵਿਾਈਸ ਲੱਗਾ ਹੋਵੇਗਾ, ਜਨਿ੍ਹਾਂ ਦੇ ਇਹ ਡਵਿਾਈਸ ਨਹੀ ਲੱਗਾ ਹੈ, ਪਰਵਿਾਰਾਂ ਨੂੰ ਇਹ ਜਾਣਨ ਦੀ ਲੋੜ ਹੋਏਗੀ ਕ NG ਟਿਊਬ ਨੂੰ ਇਸਦੀ ਜਗ੍ਹਾ 'ਤੇ ਕਵਿੇਂ ਰੱਖਣਾ ਹੈ।



**ਚੰਿਤਰ 4**
NG ਟਿਊਬ ਅਤੇ ਨੱਕ ਦੀ ਟਿਊਬ ਨੂੰ ਇਸਦੀ ਜਗ੍ਹਾ 'ਤੇ ਰੱਖਣ ਵਾਲਾ ਡਵਿਾਈਸ ਲੱਗਾ ਹੋਣ 'ਤੇ ਬੱਚੇ ਦੀਆਂ ਨਾਸਾਂ ਦੀ ਸਫਾਈ।




**ਚੰਿਤਰ 5**
NG ਟਿਊਬ ਨੂੰ ਹਾਈਡ੍ਰੋਕਲੋਇਡ ਚਮੜੀ ਦੀ ਰੱਖਆਿ ਕਰਨ ਵਾਲੀ ਡ੍ਰੈਸੰਿਗ ਅਤੇ ਟੇਪ ਨਾਲ ਬੱਚੇ ਦੇ ਗੱਲ੍ਹ 'ਤੇ ਲਗਾਇਆ ਗਿਆ ਹੈ।

## NG ਟਿਊਬ ਨੂੰ ਟੇਪ ਨਾਲ ਆਪਣੇ ਬੱਚੇ ਦੀ ਗੱਲ੍ਹ 'ਤੇ ਲਗਾਉਣਾ (ਚੰਿਤਰ 5, ਪੰਨਾ 3 ਦੇਖੋ):

- ਬੈਰੀਅਰ ਫਲਿਮ (ਜਵਿੇਂ ਕ Cavilon® No Sting Barrier) ਦੀ ਪਰਤ ਉਸ ਗੱਲ੍ਹ 'ਤੇ ਲਗਾਓ ਜਥਿੇ NG ਟਿਊਬ ਲਗਾਈ ਜਾਵੇਗੀ। ਸੁੱਕਣ ਦਓਿ।
- ਬੈਰੀਅਰ ਫਲਿਮ ਨਾਲ ਚਮੜੀ ਨੂੰ ਜਲਣ ਤੋਂ ਬਚਾਉਣ ਲਈ ਹਾਈਡ੍ਰੋਕਲੋਇਡ ਚਮੜੀ ਦੀ ਰੱਖਆਿ ਕਰਨ ਵਾਲੀ ਡ੍ਰੈਸੰਿਗ (ਜਵਿੇਂ ਕ Duoderm®) ਦਾ ਇੱਕ ਛੋਟਾ ਜਹਿਾ ਟੁਕੜਾ ਲਗਾਓ।
- NG ਟਿਊਬ ਨੂੰ ਚਮੜੀ ਦੀ ਰੱਖਆਿ ਕਰਨ ਵਾਲੀ ਡ੍ਰੈਸੰਿਗ ਦੇ ਨਾਲ ਲਗਾਓ ਅਤੇ NG ਟਿਊਬ ਨੂੰ ਟੇਪ ਦੇ ਇੱਕ ਛੋਟੇ ਟੁਕੜੇ ਅਤੇ/ਜਾਂ ਪਾਰਦਰਸ਼ੀ ਡ੍ਰੈਸੰਿਗ (ਜਵਿੇਂ ਕ Tagaderm®) ਨਾਲ ਢੱਕ ਦਓਿ।
- NG ਟਿਊਬ ਨੂੰ ਕੰਨ ਦੇ ਪੰਿਛੇ ਸੁਰੱਖਅਿਤ ਕਰੋ ਅਤੇ ਟਿਊਬ ਨੂੰ ਗਰਦਨ ਜਾਂ ਮੋਢੇ ਨਾਲ ਟੇਪ ਕਰ ਦਓਿ।

## ਮਹੱਤਵਪੂਰਨ ਸੁਝਾਅ:

- NG ਟਿਊਬ ਨੂੰ ਚਪਿਚਪਿੀ ਹੋਣ ਤੋਂ ਰੋਕਣ ਲਈ ਇਸਦੇ ਸਰਿ ਨੂੰ ਦਨਿ ਵਚਿ ਘੱਟੋ-ਘੱਟ ਇੱਕ ਵਾਰ ਸਾਫ਼ ਟੁੱਥਬ੍ਰਸ਼ ਅਤੇ ਗਰਮ ਪਾਣੀ ਨਾਲ ਸਾਫ਼ ਕਰੋ।
- ਛੋਟੇ ਬੱਚਆਿਂ 'ਤੇ ਨਜ਼ਰ ਰੱਖੋ ਕ ਉਹ NG ਟਿਊਬ ਨੂੰ ਨਾ ਖੰਿਚਣ।
- ਪਾਲਤੂ ਜਾਨਵਰਾਂ ਨੂੰ ਆਪਣੇ ਬੱਚੇ ਦੀ NG ਟਿਊਬ ਤੋਂ ਦੂਰ ਰੱਖੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕ ਟਿਊਬ ਖੰਿਚੀ ਨਾ ਜਾਵੇ।



**ਚੰਿਤਰ 6**
NG ਟਿਊਬ ਦੇ EnFit® ਸਰਿ ਦੀ ਟੁੱਥਬ੍ਰਸ਼ ਨਾਲ ਸਫਾਈ।

ਇਹ ਸਮੱਗਰੀ ਸ਼ਾਮਲ ਹੈ: ਇਜਾਜ਼ਤ ਨਾਲ ਵਰਤੀ ਗਈ:
"Use and Care of a Nasogastric (NG) Feeding Tube",
Boston Children's Hospital, 9/20/2017, #169997.

UC DAVIS HEALTH | CHILDREN'S HOSPITAL | Children's Miracle Network Hospitals